| | |
|---|---|
| **ਵਾਚਕ:** ਇਸ ਵੀਡੀਓ ਵਿੱਚ ਰਫ਼ਿਊਜੀ ਦਾਅਵੇ ਦੀਆਂ ਸੁਣਵਾਈਆਂ ਬਾਰੇ ਸਹਾਇਕ ਜਾਣਕਾਰੀ ਹੈ।<br>ਹੋਰ ਵੇਰਵੇ ਅਤੇ ਅੱਪਡੇਟ ਸਾਡੀ ਵੈੱਬਸਾਈਟ irb.gc.ca 'ਤੇ ਉਪਲਬਧ ਹਨ। |
| **ਸੰਗੀਤ:** ਵੀਡੀਓ ਦੌਰਾਨ ਹਲਕਾ ਜਿਹਾ ਬੈਕਗ੍ਰਾਊਂਡ ਸੰਗੀਤ ਚਲਦਾ ਹੈ। |
| **ਵਾਚਕ:** ਜਦੋਂ ਤੁਹਾਡਾ ਰਫਿਊਜੀ ਸੁਰੱਖਿਆ ਦਾਅਵਾ ਸੁਣਵਾਈ ਲਈ ਤਿਆਰ ਹੁੰਦਾ ਹੈ, ਤਾਂ ਇਮੀਗ੍ਰੇਸ਼ਨ, ਰਫ਼ਿਊਜੀਜ਼ ਐਂਡ ਸਿਟਿਜ਼ਨਸ਼ਿਪ ਕੈਨੇਡਾ ਦੀ ਰਫ਼ਿਊਜੀ ਪ੍ਰੋਟੈਕਸ਼ਨਡਿਵੀਜ਼ਨ, ਜਾਂ RPD, ਤੁਹਾਨੂੰ ਜਾਂ ਤੁਹਾਡੇ ਵਕੀਲ ਨੂੰ ਇੱਕ ਦਸਤਾਵੇਜ਼ ਭੇਜੇਗਾ ਜਿਸਨੂੰ ਨੋਟਿਸ ਟੂ ਅਪੀਅਰ, ਯਾਨੀ ਪੇਸ਼ ਹੋਣ ਲਈ ਨੋਟਿਸ, ਕਿਹਾ ਜਾਂਦਾ ਹੈ।<br><br>ਇਸ ਨੋਟਿਸ ਵਿੱਚ ਤੁਹਾਡੀ ਸੁਣਵਾਈ ਦੀ ਮਿਤੀ, ਸਮਾਂ ਅਤੇ ਸਥਾਨ ਨਿਰਧਾਰਤ ਕੀਤਾ ਜਾਂਦਾ ਹੈ।<br><br>ਜੇਕਰ ਤੁਹਾਡਾ ਕੋਈ ਵਕੀਲ ਹੈ, ਤਾਂ ਉਹ ਤੁਹਾਡੀ ਸੁਣਵਾਈ 'ਤੇ ਤੁਹਾਡੀ ਨੁਮਾਇੰਦਗੀ ਕਰਨਗੇ। |
| **ਵਾਚਕ:** ਤੁਹਾਡੀ ਗੋਪਨੀਯਤਾ ਸਾਡੇ ਲਈ ਮਹੱਤਵਪੂਰਨ ਹੈ। ਅਸੀਂ ਸਮਝਦੇ ਹਾਂ ਕਿ ਸੁਣਵਾਈਆਂ ਵਿੱਚ ਜੋ ਚਰਚਾ ਕੀਤੀ ਜਾਂਦੀ ਹੈ ਉਹ ਬਹੁਤ ਨਿੱਜੀ ਹੁੰਦੀ ਹੈ ਅਤੇ ਅਕਸਰ ਇਸ ਬਾਰੇ ਗੱਲ ਕਰਨਾ ਮੁਸ਼ਕਲ ਹੁੰਦਾ ਹੈ। ਭਾਵੇਂ ਤੁਹਾਡੀ ਸੁਣਵਾਈ ਵਰਚੁਅਲ ਤੌਰ 'ਤੇ ਹੋਵੇ ਜਾਂ ਵਿਅਕਤੀਗਤ ਤੌਰ 'ਤੇ, ਇਹ ਨਿੱਜੀ ਹੈ।<br><br>ਤੁਹਾਡੀ ਸੁਣਵਾਈ ਰਿਕਾਰਡ ਕੀਤੀ ਜਾਵੇਗੀ, ਪਰ ਰਿਕਾਰਡਿੰਗ ਦੀ ਕਾਪੀ ਸਿਰਫ਼ ਤੁਹਾਡੇ, ਤੁਹਾਡੇ ਵਕੀਲ, ਜਾਂ ਕੈਨੇਡਾ ਬਾਰਡਰ ਸਰਵਿਸਿਜ਼ ਏਜੰਸੀ ਜਾਂ ਇਮੀਗ੍ਰੇਸ਼ਨ, ਰਿਫਿਊਜੀਜ਼ ਐਂਡ ਸਿਟੀਜ਼ਨਸ਼ਿਪ ਕੈਨੇਡਾ ਦੇ ਮੰਤਰੀ ਦੇ ਵਕੀਲ ਦੁਆਰਾ ਹੀ ਮੰਗੀ ਜਾ ਸਕਦੀ ਹੈ।<br><br>ਹੁਣ ਅਸੀਂ ਸੁਣਵਾਈ ਪ੍ਰਕਿਰਿਆ ਬਾਰੇ ਵਿਸਥਾਰ ਵਿੱਚ ਚਰਚਾ ਕਰਾਂਗੇ ਅਤੇ ਵਰਚੁਅਲ ਅਤੇ ਵਿਅਕਤੀਗਤ ਸੁਣਵਾਈਆਂ ਵਿੱਚ ਕੋਈ ਵੀ ਅੰਤਰਾਂ ਨੂੰ ਉਜਾਗਰ ਕਰਾਂਗੇ। |
| **ਵਾਚਕ:** ਸੁਣਵਾਈ ਆਮ ਤੌਰ 'ਤੇ ਤਿੰਨ ਘੰਟੇ ਦੀ ਮਿਆਦ ਲਈ ਬੁੱਕ ਕੀਤੀ ਜਾਂਦੀ ਹੈ। ਮੈਂਬਰ ਆਮ ਤੌਰ 'ਤੇ ਸੁਣਵਾਈ ਦੇ ਵਿਚਕਾਰ ਇੱਕ ਛੋਟੀ ਜਿਹੀ ਬ੍ਰੇਕ ਲਵੇਗਾ। ਤੁਸੀਂ ਵੀ ਕਿਸੇ ਵੀ ਸਮੇਂ ਬ੍ਰੇਕ ਦੀ ਮੰਗ ਕਰ ਸਕਦੇ ਹੋ। ਚਿੰਤਾ ਨਾ ਕਰੋ, ਜੇਕਰ ਇਸ ਸਮੇਂ ਦੌਰਾਨ ਤੁਹਾਡੀ ਸੁਣਵਾਈ ਪੂਰੀ ਨਹੀਂ ਹੁੰਦੀ, ਤਾਂ ਮੈਂਬਰ ਬੇਨਤੀ ਕਰੇਗਾ ਕਿ ਤੁਹਾਡੀ ਸੁਣਵਾਈ ਜਾਰੀ ਰੱਖਣ ਲਈ ਇੱਕ ਹੋਰ ਤਾਰੀਖ ਅਤੇ ਸਮਾਂ ਨਿਰਧਾਰਤ ਕੀਤਾ ਜਾਵੇ।<br><br>ਜਦੋਂ ਸੁਣਵਾਈ ਸ਼ੁਰੂ ਹੁੰਦੀ ਹੈ, ਤਾਂ ਮੈਂਬਰ ਰਿਕਾਰਡਿੰਗ ਸ਼ੁਰੂ ਕਰਦਾ ਹੈ ਅਤੇ ਕਹਿੰਦਾ ਹੈ, "ਅਸੀਂ ਹੁਣ ਰਿਕਾਰਡ 'ਤੇ ਹਾਂ"।<br><br>ਫਿਰ ਮੈਂਬਰ ਆਪਣੀ ਅਤੇ ਸਾਰੇ ਭਾਗੀਦਾਰਾਂ ਦੀ ਜਾਣ-ਪਛਾਣ ਕਰਾਉਂਦਾ ਹੈ।<br><br>ਜੇਕਰ ਕੋਈ ਦੁਭਾਸ਼ੀਆ ਹੈ, ਤਾਂ ਮੈਂਬਰ ਪੁਸ਼ਟੀ ਕਰਦਾ ਹੈ ਕਿ ਤੁਸੀਂ ਅਤੇ ਦੁਭਾਸ਼ੀਆ ਇੱਕ ਦੂਜੇ ਨੂੰ ਸਮਝ ਸਕਦੇ ਹਨ।<br><br>ਦੁਭਾਸ਼ੀਏ ਪੇਸ਼ੇਵਰ ਹੁੰਦੇ ਹਨ। ਉਨ੍ਹਾਂ ਨੇ ਹਰ ਚੀਜ਼ ਦੀ ਸਹੀ ਵਿਆਖਿਆ ਕਰਨ ਅਤੇ ਕਾਰਵਾਈ ਦੀ ਨਿੱਜੀ ਪ੍ਰਕਿਰਤੀ ਦਾ ਪੂਰਾ ਸਤਿਕਾਰ ਕਰਨ ਦੀ ਸਹੁੰ ਚੁੱਕੀ ਹੈ। |
| **ਵਾਚਕ:** ਵਰਚੁਅਲ ਸੁਣਵਾਈਆਂ ਲਈ, ਮੈਂਬਰ ਤੁਹਾਨੂੰ ਪੁੱਛਦਾ ਹੈ ਕਿ ਤੁਸੀਂ ਕਿੱਥੋਂ ਜੁੜ ਰਹੇ ਹੋ। |

ਤੁਹਾਨੂੰ ਆਪਣੇ ਸਾਹਮਣੇ ਕੁਝ ਵੀ ਰੱਖਣ ਦੀ ਲੋੜ ਨਹੀਂ ਹੈ ਪਰ ਮੈਂਬਰ ਦੁਆਰਾ ਕੋਈ ਦਸਤਾਵੇਜ਼ ਦੇਖਣ ਲਈ ਕਹਿਣ ਦੀ ਸੂਰਤ ਵਿੱਚ ਆਪਣੇ ਸਬੂਤ ਨੇੜੇ ਰੱਖੋ।

ਮੈਂਬਰ ਸੁਣਵਾਈ ਨਾਲ ਜੁੜੇ ਹਰ ਵਿਅਕਤੀ ਨੂੰ ਇਹ ਪੁਸ਼ਟੀ ਕਰਨ ਲਈ ਵੀ ਕਹਿੰਦਾ ਹੈ ਕਿ ਉਹ ਕਮਰੇ ਵਿੱਚ ਇਕੱਲੇ ਹਨ ਅਤੇ ਸੁਣਵਾਈ ਦੂਸਰਿਆਂ ਦੁਆਰਾ ਦੇਖੀ ਜਾਂ ਸੁਣੀ ਨਹੀਂ ਜਾ ਸਕਦੀ।

ਇਹ ਪ੍ਰਕਿਰਿਆ ਦੀ ਨਿਰਪੱਖਤਾ ਨੂੰ ਯਕੀਨੀ ਬਣਾਉਣ ਲਈ ਅਤੇ ਤੁਹਾਡੀ ਗੋਪਨੀਯਤਾ ਦੀ ਰੱਖਿਆ ਕਰਨ ਲਈ ਹੈ।

**ਵਾਚਕ:** ਜੇਕਰ ਤੁਹਾਨੂੰ ਵਰਚੁਅਲ ਸੁਣਵਾਈ ਦੌਰਾਨ ਆਡੀਓ ਜਾਂ ਵੀਡੀਓ ਨਾਲ ਕੋਈ ਸਮੱਸਿਆਵਾਂ ਹੁੰਦੀਆਂ ਹਨ, ਤਾਂ ਤੁਹਾਨੂੰ ਮੈਂਬਰ ਨੂੰ ਤੁਰੰਤ ਦੱਸਣਾ ਚਾਹੀਦਾ ਹੈ।

ਜੇਕਰ ਵਰਚੁਅਲ ਸੁਣਵਾਈ ਨਾਲ ਤੁਹਾਡਾ ਸੰਪਰਕ ਟੁੱਟ ਜਾਂਦਾ ਹੈ, ਤਾਂ ਤੁਹਾਨੂੰ ਦੁਬਾਰਾ ਜੁੜਨ ਦੀ ਕੋਸ਼ਿਸ਼ ਕਰਨੀ ਚਾਹੀਦੀ ਹੈ।

ਜੇਕਰ ਇਹ ਕੰਮ ਨਹੀਂ ਕਰਦਾ, ਤਾਂ ਤੁਰੰਤ ਆਪਣੇ ਨੋਟਿਸ ਟੂ ਅਪੀਅਰ 'ਤੇ ਦਿੱਤੇ ਨੰਬਰ 'ਤੇ RPD ਰਜਿਸਟਰੀ ਨਾਲ ਸੰਪਰਕ ਕਰੋ।

**ਵਾਚਕ:** ਸੁਣਵਾਈ ਦੇ ਦੌਰਾਨ, ਮੈਂਬਰ ਉਨ੍ਹਾਂ ਸਾਰੇ ਦਸਤਾਵੇਜ਼ਾਂ ਦੀ ਜਾਂਚ ਕਰਦਾ ਹੈ ਜੋ ਤੁਹਾਡੀ ਸੁਣਵਾਈ ਦੌਰਾਨ ਸਬੂਤ ਵਜੋਂ ਵਰਤੇ ਜਾਣਗੇ।

ਤੁਹਾਡੇ ਜਾਂ ਤੁਹਾਡੇ ਵਕੀਲ ਕੋਲ ਉਹਨਾਂ ਸਾਰੇ ਦਸਤਾਵੇਜ਼ਾਂ ਦੇ ਅਸਲ ਸੰਸਕਰਣ ਹੋਣੇ ਚਾਹੀਦੇ ਹਨ ਜੋ ਤੁਸੀਂ RPD ਨੂੰ ਸਬੂਤ ਵਜੋਂ ਪ੍ਰਦਾਨ ਕੀਤੇ ਸਨ।

ਮੈਂਬਰ ਭੌਤਿਕ ਨਿਰੀਖਣ ਲਈ ਦਸਤਾਵੇਜ਼ RPD ਨੂੰ ਪ੍ਰਦਾਨ ਕੀਤੇ ਜਾਣ ਦੀ ਮੰਗ ਵੀ ਕਰ ਸਕਦਾ ਹੈ।

ਜੇਕਰ ਇਹ ਵਰਚੁਅਲ ਸੁਣਵਾਈ ਦੌਰਾਨ ਹੁੰਦਾ ਹੈ, ਤਾਂ ਮੈਂਬਰ ਦਸਤਾਵੇਜ਼ ਕਿੱਥੇ ਅਤੇ ਕਿਵੇਂ ਭੇਜਣੇ ਹਨ, ਬਾਰੇ ਨਿਰਦੇਸ਼ ਦੇਵੇਗਾ।

**ਵਾਚਕ:** ਦਸਤਾਵੇਜ਼ਾਂ ਦੀ ਸਮੀਖਿਆ ਹੋ ਜਾਣ ਤੋਂ ਬਾਅਦ, ਮੈਂਬਰ ਤੁਹਾਨੂੰ ਸੱਚ ਦੱਸਣ ਦਾ ਵਾਅਦਾ ਕਰਨ ਲਈ ਕਹਿੰਦਾ ਹੈ।

ਫਿਰ ਮੈਂਬਰ ਤੁਹਾਨੂੰ ਇਹ ਪੁਸ਼ਟੀ ਕਰਨ ਲਈ ਕਹਿੰਦਾ ਹੈ ਕਿ ਤੁਹਾਡੇ ਬੇਸਿਸ ਔਫ ਕਲੇਮ ਫਾਰਮ, ਯਾਨੀ ਉਹ ਫਾਰਮ ਜੋ ਤੁਹਾਡੇ ਦਾਅਵੇ ਦਾ ਆਧਾਰ ਹੈ, ਵਿਚਲੀ ਸਮੱਗਰੀ ਪੂਰੀ, ਸੱਚੀ ਅਤੇ ਸਹੀ ਹੈ।

ਤੁਹਾਡੀ ਸੁਣਵਾਈ ਰਿਕਾਰਡ ਕੀਤੀ ਜਾਵੇਗੀ। ਇਹ ਯਕੀਨੀ ਬਣਾਉਣ ਲਈ ਕਿ ਤੁਹਾਡੇ ਪੂਰੇ ਜਵਾਬ ਰਿਕਾਰਡ ਕੀਤੇ ਜਾਂਦੇ ਹਨ, ਸਪਸ਼ਟ ਅਤੇ ਉੱਚੀ ਆਵਾਜ਼ ਵਿੱਚ ਬੋਲਣਾ ਮਹੱਤਵਪੂਰਨ ਹੈ।

ਅੱਗੇ, ਮੈਂਬਰ ਦੱਸਦਾ ਹੈ ਕਿ ਸੁਣਵਾਈ ਕਿਵੇਂ ਅੱਗੇ ਵਧਣ ਵਾਲੀ ਹੈ ਅਤੇ ਪੁੱਛਗਿੱਛ ਕਿਵੇਂ ਕੰਮ ਕਰਦੀ ਹੈ। ਇਸ ਸਮੇਂ 'ਤੇ, ਉਹ ਤੁਹਾਨੂੰ ਇਹ ਵੀ ਦੱਸਦੇ ਹਨ ਕਿ ਉਹ ਕਿਹੜੇ ਕਾਨੂੰਨੀ ਮੁੱਦਿਆਂ, ਜੇ ਕੋਈ ਹਨ, ਬਾਰੇ ਹੋਰ ਜਾਣਕਾਰੀ ਚਾਹੁੰਦੇ ਹਨ।

**ਵਾਚਕ:** ਇਹ ਕੁਝ ਕਾਨੂੰਨੀ ਮੁੱਦਿਆਂ ਦੀਆਂ ਕਿਸਮਾਂ ਦੇ ਉਦਾਹਰਣ ਹਨ ਜਿਨ੍ਹਾਂ ਦੀ ਤੁਹਾਡੀ ਸੁਣਵਾਈ ਦੇ ਦੌਰਾਨ ਪੜਚੋਲ ਕੀਤੀ ਜਾ ਸਕਦੀ ਹੈ।

ਪਛਾਣ ਇੱਕ ਸੰਭਾਵੀ ਕਾਨੂੰਨੀ ਮੁੱਦਾ ਹੈ।

ਪਛਾਣ ਦਾ ਅਰਥ ਹੈ ਇਹ ਸਾਬਤ ਕਰਨਾ ਕਿ ਤੁਸੀਂ ਕੌਣ ਹੋ ਅਤੇ ਤੁਸੀਂ ਕਿਸ ਦੇਸ਼ ਦੇ ਨਾਗਰਿਕ ਹੋ।

ਜੇਕਰ ਤੁਸੀਂ ਕਿਸੇ ਵੀ ਦੇਸ਼ ਦੇ ਨਾਗਰਿਕ ਨਹੀਂ ਹੋ, ਤਾਂ ਤੁਹਾਨੂੰ ਇਹ ਸਾਬਤ ਕਰਨ ਦੀ ਲੋੜ ਹੈ ਕਿ ਤੁਸੀਂ ਆਮ ਤੌਰ 'ਤੇ ਕਿੱਥੇ ਰਹਿੰਦੇ ਸੀ। ਇਸਦੀ ਪੁਸ਼ਟੀ ਆਮ ਤੌਰ 'ਤੇ ਜਿੱਥੇ ਤੁਸੀਂ ਰਹਿੰਦੇ ਸੀ, ਉੱਥੋਂ ਦੀ ਸਰਕਾਰ ਦੁਆਰਾ ਜਾਰੀ ਕੀਤੇ ਗਏ ਪਾਸਪੋਰਟਾਂ ਜਾਂ ਹੋਰ ਪਛਾਣ ਦਸਤਾਵੇਜ਼ਾਂ ਰਾਹੀਂ ਕੀਤੀ ਜਾਂਦੀ ਹੈ।

**ਵਾਚਕ:** ਇੱਕ ਹੋਰ ਕਾਨੂੰਨੀ ਮੁੱਦਾ ਭਰੋਸੇਯੋਗਤਾ ਹੈ। ਕੀ ਤੁਸੀਂ ਸੱਚ ਬੋਲ ਰਹੇ ਹੋ?

ਇਹ ਉਹਨਾਂ ਕਾਰਨਾਂ ਵਿੱਚੋਂ ਇੱਕ ਹੈ ਜਿਸ ਕਰਕੇ ਤੁਹਾਡੀ ਸੁਣਵਾਈ ਵਿੱਚ ਤੁਹਾਨੂੰ ਸਵਾਲ ਪੁੱਛੇ ਜਾਂਦੇ ਹਨ। ਤੁਹਾਡੇ ਜਵਾਬ ਮੈਂਬਰ ਦੀ ਇਹ ਫੈਸਲਾ ਕਰਨ ਵਿੱਚ ਮਦਦ ਕਰਦੇ ਹਨ ਕਿ ਕੀ ਤੁਹਾਡੇ ਦੁਆਰਾ ਆਪਣੇ ਬੇਸਿਸ ਔਫ ਕਲੇਮ ਫਾਰਮ ਅਤੇ ਹੋਰ ਦਸਤਾਵੇਜ਼ਾਂ ਵਿੱਚ ਪ੍ਰਦਾਨ ਕੀਤੀ ਜਾਣਕਾਰੀ ਸਹੀ ਹੈ।

**ਵਾਚਕ:** ਦੇਸ਼ ਵਲੋਂ ਪ੍ਰਦਾਨ ਕੀਤੀ ਜਾਣ ਵਾਲੀ ਸੁਰੱਖਿਆ ਇੱਕ ਹੋਰ ਕਾਨੂੰਨੀ ਮੁੱਦਾ ਹੈ।

ਕੀ ਪੁਲਿਸ ਅਤੇ ਹੋਰ ਅਧਿਕਾਰੀ, ਜਿਵੇਂ ਕਿ ਤੁਹਾਡੇ ਗ੍ਰਹਿ ਦੇਸ਼ ਦੀ ਸਰਕਾਰ ਜਾਂ ਨਿਆਂ ਪ੍ਰਣਾਲੀ, ਤੁਹਾਨੂੰ ਨੁਕਸਾਨ ਤੋਂ ਬਚਾਉਣ ਦੇ ਯੋਗ ਹਨ?

ਕੀ ਤੁਸੀਂ ਆਪਣੇ ਗ੍ਰਹਿ ਦੇਸ਼ ਵਿੱਚ ਮਦਦ ਮੰਗੀ ਸੀ?

ਇਹ ਮਹੱਤਵਪੂਰਨ ਸਵਾਲ ਹਨ ਕਿਉਂਕਿ ਕੈਨੇਡਾ ਤੁਹਾਨੂੰ ਸਿਰਫ਼ ਤਾਂ ਹੀ ਸੁਰੱਖਿਆ ਦੇ ਸਕਦਾ ਹੈ ਜੇਕਰ ਤੁਸੀਂ ਇਹ ਦਿਖਾ ਸਕਦੇ ਹੋ ਕਿ ਤੁਸੀਂ ਆਪਣੇ ਗ੍ਰਹਿ ਦੇਸ਼ ਵਿੱਚ ਸੁਰੱਖਿਆ ਪ੍ਰਾਪਤ ਨਹੀਂ ਕਰ ਸਕਦੇ।

**ਵਾਚਕ:** ਇੱਕ ਹੋਰ ਕਾਨੂੰਨੀ ਮੁੱਦੇ ਨੂੰ ਇੰਟਰਨਲ ਫਲਾਇਟ ਓਲਟਰਨੇਟਿਵ, ਯਾਨੀ ਉਸੇ ਦੇਸ਼ ਦੇ ਕਿਸੇ ਹੋਰ ਹਿੱਸੇ ਵਿੱਚ ਰਹਿਣ ਚਲੇ ਜਾਣਾ, ਕਿਹਾ ਜਾਂਦਾ ਹੈ। ਦੂਜੇ ਸ਼ਬਦਾਂ ਵਿੱਚ, ਕੀ ਤੁਹਾਡੇ ਗ੍ਰਹਿ ਦੇਸ਼ ਵਿੱਚ ਕੋਈ ਹੋਰ ਜਗ੍ਹਾ ਹੈ ਜਿੱਥੇ ਤੁਸੀਂ ਸੁਰੱਖਿਅਤ ਹੋਵੋਗੇ?

ਤੁਹਾਡੇ ਹਾਲਾਤਾਂ ਦੇ ਮੱਦੇਨਜ਼ਰ, ਕੀ ਤੁਹਾਡੇ ਲਈ ਕੈਨੇਡਾ ਵਿੱਚ ਰਹਿਣ ਦੀ ਬਜਾਏ ਆਪਣੇ ਦੇਸ਼ ਵਿੱਚ ਕਿਤੇ ਹੋਰ

ਰਹਿਣਾ ਉਚਿਤ ਹੋਵੇਗਾ?

**ਵਾਚਕ:** ਹੁਣ ਆਓ ਦੇਖੀਏ ਕਿ ਪੁੱਛਗਿੱਛ ਕਿਵੇਂ ਕੰਮ ਕਰਦੀ ਹੈ। ਤੁਹਾਡੀ ਸੁਣਵਾਈ ਦੌਰਾਨ, ਤੁਹਾਨੂੰ ਤੁਹਾਡੇ ਦਾਅਵੇ ਬਾਰੇ ਸਵਾਲ ਪੁੱਛੇ ਜਾਂਦੇ ਹਨ। ਤੁਹਾਡੇ ਜਵਾਬਾਂ ਨੂੰ ਤੁਹਾਡੀ "ਗਵਾਹੀ" ਕਿਹਾ ਜਾਂਦਾ ਹੈ।

ਪੁੱਛਗਿੱਛ ਦਾ ਉਦੇਸ਼ ਮੈਂਬਰ ਨੂੰ ਤੁਹਾਡੇ ਦਾਅਵੇ ਬਾਰੇ ਫੈਸਲਾ ਲੈਣ ਵਿੱਚ ਮਦਦ ਕਰਨ ਲਈ ਹੋਰ ਜਾਣਕਾਰੀ ਦੇਣਾ ਹੈ।

ਜੇਕਰ ਤੁਸੀਂ ਦੁਭਾਸ਼ੀਏ ਦੀ ਵਰਤੋਂ ਕਰ ਰਹੇ ਹੋ, ਤਾਂ ਛੋਟੇ ਵਾਕਾਂ ਵਿੱਚ ਬੋਲਣ ਦੀ ਕੋਸ਼ਿਸ਼ ਕਰੋ। ਇਹ ਵਧੇਰੇ ਸਹੀ ਵਿਆਖਿਆ ਦੀ ਆਗਿਆ ਦਿੰਦਾ ਹੈ।

ਜੇਕਰ ਤੁਹਾਨੂੰ ਕੋਈ ਸਵਾਲ ਸਮਝ ਨਹੀਂ ਆਉਂਦਾ, ਤਾਂ ਮੈਂਬਰ ਨੂੰ ਦੱਸੋ ਕਿ ਤੁਹਾਨੂੰ ਸਮਝ ਨਹੀਂ ਆਇਆ।

**ਵਾਚਕ:** ਜੇਕਰ ਇਮੀਗ੍ਰੇਸ਼ਨ, ਰਫ਼ਿਊਜੀਜ਼ ਐਂਡ ਸਿਟਿਜ਼ਨਸ਼ਿਪ ਕੈਨੇਡਾ ਜਾਂ ਕੈਨੇਡਾ ਬਾਰਡਰ ਸਰਵਿਸਿਜ਼ ਏਜੰਸੀ ਤੁਹਾਡੀ ਸੁਣਵਾਈ ਵਿੱਚ ਹਿੱਸਾ ਲੈ ਰਹੇ ਹਨ, ਤਾਂ ਉਹ ਆਮ ਤੌਰ 'ਤੇ ਪਹਿਲਾਂ ਤੁਹਾਨੂੰ ਸਵਾਲ ਪੁੱਛਦੇ ਹਨ।

ਉਸ ਤੋਂ ਬਾਅਦ, ਮੈਂਬਰ ਤੁਹਾਨੂੰ ਸਵਾਲ ਪੁੱਛੇਗਾ। ਅਤੇ ਫਿਰ ਤੁਹਾਡਾ ਵਕੀਲ ਤੁਹਾਨੂੰ ਸਵਾਲ ਪੁੱਛ ਸਕਦਾ ਹੈ।

ਜੇਕਰ ਤੁਹਾਡੀ ਨੁਮਾਇੰਦਗੀ ਵਕੀਲ ਦੁਆਰਾ ਨਹੀਂ ਕੀਤੀ ਜਾ ਰਹੀ ਹੈ, ਤਾਂ ਮੈਂਬਰ ਤੁਹਾਨੂੰ ਉਨ੍ਹਾਂ ਨੂੰ ਉਹ ਸਭ ਕੁਝ ਦੱਸਣ ਦਾ ਮੌਕਾ ਦਿੰਦਾ ਹੈ ਜੋ ਤੁਸੀਂ ਮਹਿਸੂਸ ਕਰਦੇ ਹੋ ਕਿ ਤੁਹਾਡੇ ਕੇਸ ਦਾ ਸਮਰਥਨ ਕਰਦਾ ਹੈ।

ਫਿਰ ਮੈਂਬਰ ਤੁਹਾਨੂੰ ਕੁਝ ਫਾਲੋ-ਅੱਪ ਸਵਾਲ ਪੁੱਛ ਸਕਦਾ ਹੈ।

**ਵਾਚਕ:** ਜੇਕਰ ਤੁਸੀਂ ਆਪਣੀ ਸੁਣਵਾਈ ਵਿੱਚ ਕੋਈ ਗਵਾਹ ਲਿਆਉਂਦੇ ਹੋ, ਤਾਂ ਮੈਂਬਰ ਆਮ ਤੌਰ 'ਤੇ ਤੁਹਾਡੀ ਗਵਾਹੀ ਪੂਰੀ ਹੋਣ ਤੋਂ ਬਾਅਦ ਉਨ੍ਹਾਂ ਨੂੰ ਗਵਾਹੀ ਦੇਣ ਲਈ ਕਹਿੰਦਾ ਹੈ।

ਵਿਅਕਤੀਗਤ ਸੁਣਵਾਈ ਲਈ, ਗਵਾਹ ਉਦੋਂ ਤੱਕ ਵੇਟਿੰਗ ਰੂਮ ਵਿੱਚ ਰਹਿੰਦੇ ਹਨ ਜਦੋਂ ਤੱਕ ਗਵਾਹੀ ਦੇਣ ਦੀ ਉਨ੍ਹਾਂ ਦੀ ਵਾਰੀ ਨਹੀਂ ਆਉਂਦੀ।

ਵਰਚੁਅਲ ਸੁਣਵਾਈ ਲਈ, ਗਵਾਹਾਂ ਨੂੰ ਇੱਕ ਖਾਸ ਸਮੇਂ 'ਤੇ ਸੁਣਵਾਈ ਨਾਲ ਜੁੜਨ ਲਈ ਕਿਹਾ ਜਾਂਦਾ ਹੈ।

**ਵਾਚਕ:** ਜਦੋਂ ਪੁੱਛਗਿੱਛ ਪੂਰੀ ਹੋ ਜਾਂਦੀ ਹੈ, ਤਾਂ ਮੈਂਬਰ ਤੁਹਾਨੂੰ ਜਾਂ ਤੁਹਾਡੇ ਵਕੀਲ ਨੂੰ ਇਹ ਦੱਸਣ ਲਈ ਕਹਿੰਦਾ ਹੈ ਕਿ ਤੁਹਾਨੂੰ ਕਿਉਂ ਲੱਗਦਾ ਹੈ ਕਿ ਤੁਹਾਡੇ ਰਫ਼ਿਊਜੀ ਦਾਅਵੇ ਨੂੰ ਸਵੀਕਾਰ ਕੀਤਾ ਜਾਣਾ ਚਾਹੀਦਾ ਹੈ।

ਇਸਨੂੰ ਮੌਖਿਕ ਸਬਮਿਸ਼ਨ ਕਿਹਾ ਜਾਂਦਾ ਹੈ।

ਸਬਮਿਸ਼ਨ ਪੇਸ਼ ਕੀਤੇ ਗਏ ਸਬੂਤਾਂ ਦਾ ਸਾਰ, ਅਤੇ ਇਸ ਗੱਲ ਦੀ ਵਿਆਖਿਆ ਹੈ ਕਿ ਦੇਸ਼ ਦੀ ਜਾਣਕਾਰੀ ਅਤੇ ਕਾਨੂੰਨ ਤੁਹਾਡੇ ਹਾਲਾਤਾਂ ਨਾਲ ਕਿਵੇਂ ਸੰਬੰਧਿਤ ਹਨ।

ਮੈਂਬਰ ਸੁਣਵਾਈ ਦੇ ਅੰਤ ਵਿੱਚ ਤੁਹਾਨੂੰ ਜਾਂ ਤੁਹਾਡੇ ਵਕੀਲ ਨੂੰ ਸਬਮਿਸ਼ਨਾਂ ਪ੍ਰਦਾਨ ਕਰਨ ਲਈ ਕਹਿ ਸਕਦਾ ਹੈ।

ਜੇਕਰ ਇਮੀਗ੍ਰੇਸ਼ਨ, ਰਫ਼ਿਊਜੀਜ਼ ਐਂਡ ਸਿਟਿਜ਼ਨਸ਼ਿਪ ਕੈਨੇਡਾ ਜਾਂ ਕੈਨੇਡਾ ਬਾਰਡਰ ਸਰਵਿਸਿਜ਼ ਏਜੰਸੀ ਤੁਹਾਡੀ ਸੁਣਵਾਈ ਵਿੱਚ ਹਿੱਸਾ ਲੈ ਰਹੇ ਹਨ, ਮੈਂਬਰ ਉਹਨਾਂ ਨੂੰ ਵੀ ਤੁਹਾਡੇ ਕੇਸ ਬਾਰੇ ਸਬਮਿਸ਼ਨ ਦੇਣ ਦਾ ਮੌਕਾ ਦਿੰਦਾ ਹੈ।

**ਵਾਚਕ:** RPD ਮੈਂਬਰ ਹੀ ਹੈ ਜੋ ਤੁਹਾਡੇ ਰਫ਼ਿਊਜੀ ਦਾਅਵੇ ਦੇ ਬਾਰੇ ਫੈਸਲਾ ਕਰੇਗਾ ।

ਮੈਂਬਰ ਤੁਹਾਡੀ ਸੁਣਵਾਈ ਦੇ ਅੰਤ 'ਤੇ ਤੁਹਾਨੂੰ ਫੈਸਲਾ ਅਤੇ ਫੈਸਲੇ ਦੇ ਕਾਰਨ ਦੱਸ ਸਕਦਾ ਹੈ। ਜਾਂ ਉਹਨਾਂ ਨੂੰ ਤੁਹਾਡੇ ਸਬੂਤਾਂ ਅਤੇ ਗਵਾਹੀ 'ਤੇ ਵਿਚਾਰ ਕਰਨ ਲਈ ਵਾਧੂ ਸਮੇਂ ਦੀ ਲੋੜ ਹੋ ਸਕਦੀ ਹੈ।
ਜੇਕਰ ਤੁਹਾਨੂੰ ਤੁਰੰਤ ਫੈਸਲਾ ਦੱਸਣਾ ਸੰਭਵ ਨਹੀਂ ਹੈ, ਤਾਂ ਇਹ ਤੁਹਾਨੂੰ ਬਾਅਦ ਵਿੱਚ ਪ੍ਰਦਾਨ ਕੀਤਾ ਜਾਵੇਗਾ।

ਕਿਸੇ ਵੀ ਸਥਿਤੀ ਵਿੱਚ, ਤੁਹਾਨੂੰ ਫੈਸਲੇ ਦਾ ਨੋਟਿਸ (Notice of Decision) ਮਿਲੇਗਾ ਜੋ ਤੁਹਾਨੂੰ ਇਹ ਫੈਸਲਾ ਪ੍ਰਦਾਨ ਕਰਦਾ ਹੈ ਕਿ ਤੁਹਾਡੇ ਦਾਅਵੇ ਨੂੰ ਸਵੀਕਾਰ ਕੀਤਾ ਗਿਆ ਹੈ ਜਾਂ ਅਸਵੀਕਾਰ ਕੀਤਾ ਗਿਆ ਹੈ।

**ਵਾਚਕ:** ਜੇਕਰ ਤੁਹਾਨੂੰ ਆਪਣੇ ਰਫ਼ਿਊਜੀ ਦਾਅਵੇ 'ਤੇ ਕੋਈ ਨਕਾਰਾਤਮਕ ਫੈਸਲਾ ਪ੍ਰਾਪਤ ਹੁੰਦਾ ਹੈ, ਅਤੇ ਤੁਸੀਂ ਉਸ ਨਾਲ ਸਹਿਮਤ ਨਹੀਂ ਹੋ, ਤਾਂ ਤੁਸੀਂ ਆਪਣਾ ਫੈਸਲਾ ਪ੍ਰਾਪਤ ਹੋਣ ਦੇ 15 ਦਿਨਾਂ ਦੇ ਅੰਦਰ ਰਫ਼ਿਊਜੀ ਅਪੀਲ ਡਿਵੀਜ਼ਨ ਜਾਂ (RAD) ਨੂੰ ਨੋਟਿਸ ਆਫ ਅਪੀਲ (Notice of Appeal) ਫਾਇਲ ਕਰ ਸਕਦੇ ਹੋ।

ਵਧੇਰੇ ਜਾਣਕਾਰੀ ਲਈ, IRB ਵੈੱਬਸਾਈਟ 'ਤੇ ਰਫ਼ਿਊਜੀ ਅਪੀਲਾਂ ਵਾਲੇ ਭਾਗ 'ਤੇ ਜਾਓ ਅਤੇ ਰਫ਼ਿਊਜੀ ਅਪੀਲ ਫਾਇਲ ਕਰਨਾ ਦੇਖੋ।

ਜੇਕਰ ਤੁਸੀਂ RAD ਨੂੰ ਅਪੀਲ ਕਰਨਾ ਚਾਹੁੰਦੇ ਹੋ, ਤਾਂ ਜਿੰਨੀ ਜਲਦੀ ਹੋ ਸਕੇ ਕਾਨੂੰਨੀ ਸਲਾਹ ਲੈਣਾ ਇੱਕ ਚੰਗਾ ਵਿਚਾਰ ਹੈ।

**ਵਾਚਕ:** ਜੇਕਰ ਤੁਸੀਂ RAD ਨੂੰ ਅਪੀਲ ਕਰਨ ਦੇ ਯੋਗ ਨਹੀਂ ਹੋ, ਤਾਂ ਤੁਸੀਂ ਕੈਨੇਡਾ ਦੀ ਸੰਘੀ ਅਦਾਲਤ ਵਿੱਚ ਲੀਵ ਲਈ ਅਤੇ ਜੁਡੀਸ਼ਲ ਰੀਵਿਊ, ਯਾਨੀ ਨਿਆਂਇਕ ਸਮੀਖਿਆ, ਲਈ ਅਰਜ਼ੀ ਪੇਸ਼ ਕਰ ਸਕਦੇ ਹੋ। ਇਸਦਾ ਮਤਲਬ ਹੈ ਕਿ ਇੱਕ ਜੱਜ ਤੁਹਾਡੇ ਦਾਅਵੇ 'ਤੇ RPD ਦੇ ਫੈਸਲੇ ਦੀ ਸਮੀਖਿਆ ਕਰੇਗਾ।

ਜੁਡੀਸ਼ਲ ਰੀਵਿਊ ਲਈ ਅਰਜ਼ੀ ਦੇਣ ਲਈ ਸਖ਼ਤ ਸਮਾਂ ਸੀਮਾਵਾਂ ਹਨ। ਜੇਕਰ ਤੁਸੀਂ ਜੁਡੀਸ਼ਲ ਰੀਵਿਊ ਲਈ ਅਰਜ਼ੀ ਦੇਣਾ ਚਾਹੁੰਦੇ ਹੋ, ਤਾਂ ਤੁਹਾਨੂੰ ਜਿੰਨੀ ਜਲਦੀ ਹੋ ਸਕੇ ਕਾਨੂੰਨੀ ਸਲਾਹ ਲੈਣੀ ਚਾਹੀਦੀ ਹੈ।

**ਵਾਚਕ:** ਤੁਹਾਡਾ ਫੈਸਲੇ ਦਾ ਨੋਟਿਸ ਤੁਹਾਡੇ ਅਪੀਲ ਦੇ ਅਧਿਕਾਰਾਂ ਬਾਰੇ ਹੋਰ ਜਾਣਕਾਰੀ ਪ੍ਰਦਾਨ ਕਰੇਗਾ।

| |
|---|
| **ਵਾਚਕ:** ਯਕੀਨੀ ਬਣਾਓ ਕਿ ਤੁਹਾਡੀ ਸੁਣਵਾਈ ਤੋਂ ਬਾਅਦ ਵੀ ਤੁਹਾਡੀ ਸੰਪਰਕ ਜਾਣਕਾਰੀ IRB ਕੋਲ ਅੱਪ ਟੂ ਡੇਟ ਹੈ। |
| **ਵਾਚਕ:** ਰਫ਼ਿਊਜੀ ਦਾਅਵੇ ਦੀ ਪ੍ਰਕਿਰਿਆ ਬਾਰੇ ਨਵੀਨਤਮ ਜਾਣਕਾਰੀ ਲਈ, IRB ਦੀ ਵੈੱਬਸਾਈਟ 'ਤੇ ਜਾਓ ਜਾਂ ਆਮ ਪੁੱਛਗਿੱਛ ਲਈ ਸਾਡੇ ਟੋਲ ਫ੍ਰੀ ਨੰਬਰ 1-833-931-5121 'ਤੇ ਕਾਲ ਕਰੋ। |
| **ਵਾਚਕ:** ਤੁਸੀਂ ਸਾਡੇ, *ਸਾਡੇ ਨਾਲ ਸੰਪਰਕ ਕਰੋ* ਪੰਨੇ 'ਤੇ ਜਾਣ ਲਈ ਸਕ੍ਰੀਨ 'ਤੇ QR ਕੋਡ ਨੂੰ ਸਕੈਨ ਵੀ ਕਰ ਸਕਦੇ ਹੋ, ਜਿੱਥੇ ਤੁਹਾਨੂੰ ਦਸਤਾਵੇਜ਼ ਕਿੱਥੇ ਜਮ੍ਹਾਂ ਕਰਨੇ ਹਨ ਅਤੇ ਜੇਕਰ ਤੁਹਾਡੇ ਕੋਈ ਸਵਾਲ ਹਨ ਤਾਂ ਸਾਡੇ ਨਾਲ ਕਿਵੇਂ ਸੰਪਰਕ ਕਰਨਾ ਹੈ ਬਾਰੇ ਜਾਣਕਾਰੀ ਮਿਲੇਗੀ। |